

## ਮੇਰੀ ਨਾਟਕ ਡਾਇਰੀ

ਗੁਰਸ਼ਰਨ ਸਿੰਘ

# ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ

ਇਹ ਮੇਰਾ ਉਹ ਨਾਟਕ ਹੈ ਜਿਸ ਵਿਚ ਮੈਂ ਇਕ ਸਮਕਾਲੀ ਘਟਨਾ ਉਤੇ ਬੜੇ ਰੋਹ ਭਰੇ ਜਜ਼ਬੇ ਅਧੀਨ ਟਿੱਪਣੀ ਕੀਤੀ ਸੀ। ਸਰਕਾਰੀ ਹਲਕਿਆਂ ਵਿਚ ਇਹਦਾ ਪ੍ਰਤੀਕਰਮ ਵੀ ਬੜਾ ਤਿੱਖਾ ਹੋਇਆ ਸੀ। 1971 ਦੀ ਬੰਗਲਾਦੇਸ਼ ਦੀ ਜੰਗ ਦੀ ਜਿੱਤ ਦਾ ਲਾਹਾ ਖੱਟਦੇ ਕਾਂਗਰਸ ਪਾਰਟੀ ਦਾ ਰਾਜ ਸਾਰੇ ਹਿੰਦੁਸਤਾਨ ਵਿਚ ਬੜੀ ਮਜ਼ਬੂਤੀ ਨਾਲ ਕਾਇਮ ਹੋ ਗਿਆ ਸੀ। ਪੰਜਾਬ ਵਿਚ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਸੀ। ਉਹ ਜਾਣਦਾ ਸੀ ਕਿ ਪੰਜਾਬ ਵਿਚ ਅਕਾਲੀ ਪਾਰਟੀ ਹੀ ਕਾਂਗਰਸ ਦੀ ਪ੍ਰਭੁਸੱਤਾ ਲਈ ਚੁਣੌਤੀ ਸੀ। ਉਹ ਇਹ ਵੀ ਜਾਣਦਾ ਸੀ ਕਿ ਅਕਾਲੀ ਪਾਰਟੀ ਦਾ ਆਧਾਰ ਧਰਮ ਦੀ ਰਾਜਨੀਤੀ ਹੈ। ਇਸ ਰਾਜਨੀਤੀ ਵਿਚ ਅਕਾਲੀ ਪਾਰਟੀ ਦੇ ਰਸੂਖ ਖੋਰਨ ਲਈ ਇਹ ਜ਼ਰੂਰੀ ਹੈ ਕਿ ਉਹ ਇਹੋ ਜਿਹੀਆਂ ਨੀਤੀਆਂ ਅਪਨਾਏ ਜਿਸ ਨਾਲ ਉਹਦੀ ਦਿੱਖ ਇਕ ਸਿੱਖ ਅਤੇ ਨਾਲ ਹੀ ਇਕ ਪੰਜਾਬੀ ਦੇ ਤੌਰ 'ਤੇ ਬਣੇ। ਗੁਰੂ ਗੋਬਿੰਦ ਸਿੰਘ ਮਾਰਗ ਇਸੇ ਸੋਚ ਦੀ ਦੇਣ ਸੀ। ਸ਼ਹੀਦ ਭਗਤ ਸਿੰਘ ਦੀ ਮਾਂ ਨੂੰ 'ਰਾਜ ਮਾਤਾ' ਦਾ ਦਰਜਾ ਦੇਣਾ ਵੀ ਇਸੇ ਨੀਤੀ ਵਿਚ ਸ਼ਾਮਲ ਸੀ। ਸਭ ਤੋਂ ਵੱਡਾ ਇਕ ਹੋਰ ਦੰਭ ਸੀ ਕਿ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਨੂੰ 35 ਸਾਲ ਦੇ ਬਾਅਦ ਵਲੈਤ ਤੋਂ ਪੰਜਾਬ ਲਿਆਉਣਾ ਸੀ ਤੇ ਸਰਕਾਰੀ ਪ੍ਰਚਾਰ ਨਾਲ ਇਕ ਬਹੁਤ ਵੱਡਾ ਪੜਪੰਚ ਰਚਨਾ ਸੀ। ਇਸੇ ਦੌਰਾਨ 1972 ਵਿਚ ਮੋਗਾ ਗੋਲੀ ਕਾਂਡ ਵਾਪਰ ਚੁੱਕਾ ਸੀ। 'ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ' ਨਾਟਕ ਇਨ੍ਹਾਂ ਘਟਨਾਵਾਂ ਦੇ ਪ੍ਰਤੀਕਰਮ ਦੇ ਤੌਰ 'ਤੇ ਲਿਖਿਆ ਤੇ ਖੇਡਿਆ ਗਿਆ ਸੀ।

ਸਰਕਾਰੀ ਤੌਰ 'ਤੇ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਦੇ ਸੁਆਗਤ ਲਈ ਅੰਮ੍ਰਿਤਸਰ ਸ਼ਹਿਰ ਵਿਚ ਸ਼ਹਿਰੀਆਂ ਦੀ ਇਕ ਕਮੇਟੀ ਬਣਾਈ ਗਈ ਹੈ। ਉਸ ਕਮੇਟੀ ਦੇ ਮੈਂਬਰਾਂ ਵਿਚੋਂ ਇਕ ਰਾਏ ਬਹਾਦਰ ਪ੍ਰਕਾਸ਼ ਚੰਦ ਮੇਹਰਾ ਹਨ। ਇਹ ਉਹ ਬਜ਼ੁਰਗ ਹਨ ਜਿਨ੍ਹਾਂ ਨੇ ਜਲ੍ਹਿਆਂਵਾਲੇ ਬਾਗ ਗੋਲੀ ਕਾਂਡ ਵੇਲੇ ਸਾਰਿਆਂ ਨਾਲੋਂ ਪਹਿਲੇ ਉਸ ਵੇਲੇ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਨੂੰ ਜਾ ਕੇ ਵਧਾਈ ਦਿੱਤੀ ਸੀ ਅਤੇ ਕਿਹਾ ਸੀ, ''ਡਾਇਰ ਨੇ

ਜੀ. ਆਰ. ਸੇਠੀ। ਇਹ 1919 ਵਿਚ ਇਕ ਅਖਬਾਰ ਕੱਢਦੇ ਸਨ ਜਿਸ ਦੇ ਸੰਪਾਦਕੀ ਵਿਚ ਲਿਖਿਆ ਗਿਆ ਸੀ, ''ਅਮਨ ਪਸੰਦ ਸ਼ਹਿਰੀ ਜਨਰਲ ਡਾਇਰ ਦੇ ਮਸ਼ਕੂਰ ਹਨ।'' ਇਸ ਸੇਵਾ ਬਦਲੇ ਇਨ੍ਹਾਂ ਨੇ ਰਾਏ ਬਹਾਦਰੀ ਲਈ ਸੀ। ਇਕ ਹੋਰ ਵਿਅਕਤੀ ਹਨ ਜਿਨ੍ਹਾਂ ਦੇ ਪਿਤਾ ਜੀ ਨੇ ਜਨਰਲ ਡਾਇਰ ਨੂੰ ਅਕਾਲ ਤਖਤ ਸਾਹਿਬ ਤੋਂ ਸਿਰੋਪਾ ਦਿੱਤਾ ਸੀ। ਇਹੋ ਜਿਹੇ ਲੋਕਾਂ ਵਲੋਂ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਦੇ ਸੁਆਗਤ ਲਈ ਮੋਹਰੀ ਹੋਣਾ ਆਪਣੇ ਆਪ ਵਿਚ ਇਕ ਵੱਡਾ ਮਜ਼ਾਕ ਹੈ, ਜੋ ਭਾਰਤ ਦੇ ਸਾਧਾਰਨ ਸ਼ਹਿਰੀਆਂ ਨਾਲ ਬੜਾ ਆਮ ਕੀਤਾ ਜਾਂਦਾ ਹੈ।

ਨਾਟਕ ਦੇ ਸ਼ੁਰੂ ਵਿਚ ਅਸਥੀਆਂ ਦੇ ਆਮਦ ਦੀ ਇਤਲਾਹ ਦਿੱਤੀ ਜਾ ਰਹੀ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਮੁੱਖ ਮੰਤਰੀ ਆਪ ਵੱਡੇ ਚੌਂਕ ਵਿਚ ਅਸਥੀਆਂ ਦਾ ਸੁਆਗਤ ਕਰਨਗੇ। ਸਰਕਾਰੀ ਅਮਲਾ ਬੜਾ ਸਰਗਰਮ ਹੈ। ਇਸ ਵਿਚ ਪੁਲੀਸ ਅਫਸਰ ਵੀ ਹਨ ਤੇ ਇਕ ਪਬਲਿਕ ਰਿਲੇਸ਼ਨਜ਼ ਅਫਸਰ ਵੀ ਹੈ। ਇਕ ਬਾਬਾ ਇਕ ਪਾਸੇ ਤੋਂ ਆਉਂਦਾ ਹੈ। ਉਸ ਨੂੰ ਰੋਕ ਦਿੱਤਾ ਜਾਂਦਾ ਹੈ। ''ਬਾਬਾ ਕਿਧਰ ਧੁੱਸ ਦੇਈ ਜਾਨਾ ਏਂ।'' ਬਾਬਾ ਕਹਿੰਦਾ ਹੈ, ''ਮੈਂ ਉਸ ਸ਼ਹੀਦ ਨੂੰ ਆਪਣੀ ਸ਼ਰਧਾਂਜਲੀ ਦੇ ਫੁਲ ਚੜ੍ਹਾਣੇ ਨੇ ਜਿਨੇ ਮੇਰੇ ਪਿਤਾ ਦੇ ਕਤਲ ਦਾ ਬਦਲਾ ਲਿਆ ਹੈ। ਮੈਂ ਚੌਂਕ ਵਿਚ ਪੁੱਜਣਾ ਹੈ।'' ਬਾਬੇ ਨੂੰ ਦੱਸਿਆ ਜਾਂਦਾ ਹੈ ਕਿ ਜੇਕਰ ਉਹ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੇ ਪਰਿਵਾਰ ਵਿਚੋਂ ਹੈ ਤਾਂ ਉਸ ਨੂੰ ਕਮੇਟੀ ਦੇ ਮੈਂਬਰਾਂ ਕੋਲੋਂ ਪਰਮਿਟ ਬਣਵਾ ਲੈਣਾ ਚਾਹੀਦਾ ਸੀ। ਇਥੇ ਬਾਬਾ ਫੇਰ ਸਾਰਾ ਇਤਿਹਾਸ ਕਮੇਟੀ ਦੇ ਮੈਂਬਰਾਂ ਬਾਰੇ ਦੱਸਦਾ ਹੈ ਅਤੇ ਕਹਿੰਦਾ ਹੈ, ''ਇਕ ਦੇਸ਼ ਭਗਤ ਨੂੰ ਦੂਜੇ ਦੇਸ਼ ਭਗਤ ਨੂੰ ਸ਼ਰਧਾਂਜਲੀ ਦੇਣ ਲਈ ਦੇਸ਼ ਦੇ ਗਦਾਰ ਕੋਲੋਂ ਪਰਮਿਟ ਲੈਣ ਦੀ ਲੋੜ ਨਹੀਂ।'' ਨਾਟਕ ਦੇ ਇਕ ਪੜਾਅ 'ਤੇ ਉਹ ਯਥਾਰਥ ਉਘੜਦਾ ਹੈ ਕਿ ਕਿਸ ਤਰ੍ਹਾਂ, ਆਜ਼ਾਦੀ ਤੋਂ ਬਾਅਦ ਰਾਤੋ ਰਾਤ ਗਦਾਰ ਤੇ ਟੋਡੀ ਦੇਸ਼ ਭਗਤਾਂ ਦੀ ਕਤਾਰ ਵਿਚ ਸ਼ਾਮਲ ਹੋ ਗਏ ਸਨ।

ਰੌਲਾ ਪੈਂਦਾ ਹੈ। ਮੁੱਖ ਮੰਤਰੀ ਮੰਚ 'ਤੇ ਆਉਂਦਾ ਹੈ। ਉਹ ਲੋਕਾਂ ਨੂੰ ਸੰਬੋਧਨ ਹੁੰਦਾ ਹੈ। ਉਹਦੇ ਭਾਸ਼ਨ ਵਿਚ ਪੂਰੀ ਤਰ੍ਹਾਂ ਵਿਅੰਗਾਤਮਿਕ ਤਰੀਕੇ ਨਾਲ ਇਹ ਗੱਲ ਉਘਾੜੀ ਜਾਂਦੀ ਹੈ ਕਿ ਇਹ ਲੋਕ ਆਪਣੀ ਗੱਦੀ ਦੀ ਖਾਤਰ ਕਿਸ ਤਰ੍ਹਾਂ ਸ਼ਹੀਦਾਂ ਦੀ ਖੇਹ ਉਡਾ ਸਕਦੇ ਹਨ। ਇਹ ਤਕਰੀਰ ਹੋ ਹੀ ਰਹੀ ਹੁੰਦੀ ਹੈ ਜਦੋਂ ਇਕ ਪਾਸੇ ਤੋਂ ਇਕ ਮਾਂ ਮੰਚ 'ਤੇ ਇਕ ਪਾਸੇ ਤੋਂ ਦਾਖਲ ਹੁੰਦੀ ਹੈ। ਪੁੱਛਣ 'ਤੇ ਉਹ ਦੱਸਦੀ ਹੈ ਕਿ ਉਸ ਨੇ ਸ਼ਹੀਦ ਤੋਂ ਇਕ ਸਵਾਲ ਪੁੱਛਣਾ ਹੈ ''ਤੂੰ ਤਾਂ ਜਲ੍ਹਿਆਂਵਾਲਾ ਬਾਗ ਦੇ ਕਾਤਲਾਂ ਗੋਰੇ ਡਾਇਰਾਂ ਤੋਂ ਬਦਲਾ ਲੈ ਲਿਆ ਹੈ। (ਮੁੱਖ ਮੰਤਰੀ ਵਲ ਇਸ਼ਾਰਾ ਕਰਦੇ) ਪਰ ਇਨ੍ਹਾਂ ਕਾਲੇ ਡਾਇਰਾਂ ਕੋਲੋਂ ਕੌਣ ਬਦਲਾ ਲਵੇਗਾ ਜਿਨ੍ਹਾਂ ਨੇ ਮੋਗੇ ਵਿਚ ਇਕ ਨਵਾਂ ਜਲ੍ਹਿਆਂਵਾਲਾ ਬਣਾ ਦਿੱਤਾ ਹੈ।'' ਨਾਟਕ ਦਾ ਸਿਖਰ ਹੈ ਜਦੋਂ ਦਰਸ਼ਕਾਂ ਵਲੋਂ ਆਪ ਮੁਹਾਰੇ ਆਵਾਜ਼ ਆਉਂਦੀ ਹੈ, ''ਅਸੀਂ ਬਦਲਾ ਲਵਾਂਗੇ।'' ਮੁੱਖ ਮੰਤਰੀ ਤੇ ਹੋਰ ਸਰਕਾਰੀ ਅਮਲਾ ਨੱਸਣ ਦੇ ਰੂਪ ਵਿਚ ਫਰੀਜ਼ ਹੋ ਜਾਂਦੇ ਹਨ।

25 ਮਿੰਟ ਦਾ ਇਹ ਨਾਟਕ ਮੇਰੀਆਂ ਨਾਟਕ ਯਾਦਾਂ ਵਿਚੋਂ ਇਕ ਨਾ ਭੁੱਲਣ ਵਾਲੀ ਯਾਦ ਹੈ, ਜਦੋਂ ਕਿ ਦਰਸ਼ਕਾਂ ਨੂੰ ਨਾਟਕ ਦੇ ਪਾਤਰ ਬਣਾ ਕੇ ਉਨ੍ਹਾਂ ਵਲੋਂ ਨਾਟਕ ਦਾ ਸਿਖਰ ਸਿਰਜਿਆ